# ਕੈਨੇਡਾ ਦਰਪਣ

ਫਰਵਰੀ 7, 1986

**February 7, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

Ph. Off. 521-8808

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA, V3L 4Y7

WEEKENDING FEBRUARY 7, 1986 Vol. 5 No. 05 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

## ਚੰਡੀਗੜ੍ਹ ਦਾ ਮਾਮਲਾ ਉਲਝਾਉਣ ਵਿਚ

# ਹਰਿਆਣਾ ਮੁੱਖ ਅੜਿਕਾ ਬਣਿਆ

ਚੰਡੀਗੜ੍ਹ — ਹਰਿਆਣਾ ਅਤੇ ਪੰਜਾਬ ਵਿਚ ਸੁਰੱਖਿਆ ਪ੍ਰਬੰਧ ਤਕੜੇ ਕੀਤੇ ਜਾਣ ਦੀਆਂ ਖਬਰਾਂ ਮਿਲੀਆਂ ਹਨ ਜਦਕਿ ਦਿੱਲੀ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ, ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਚਕਾਰ ਗਲਬਾਤ ਜਾਰੀ ਹੈ।

ਇਥੋਂ ਦੇ ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਦਿਤੇ ਜਾਣ ਦਾ ਵੱਡਾ ਕਾਰਨ ਹਰਿਆਣਾ ਵਿਚ ਵਿਰੋਧੀ ਪਾਰਟੀਆਂ ਵਲੋਂ ਹਿੰਸਾਤਮਕ ਘਟਨਾਵਾਂ ਨੂੰ ਵੱਡੇ ਪੱਧਰ ਉਤੇ ਕੀਤੇ ਜਾਣ ਦੀਆਂ ਖਬਰਾਂ ਮਿਲਣ ਕਾਰਨ ਕੀਤਾ ਗਿਆ। ਹਰਿਆਣੇ ਵਿਚ ਹਿੰਸਾ ਫੈਲਣ ਦੇ ਡਰੋਂ ਕੇਂਦਰ ਸਰਕਾਰ ਨੇ ਪੂਰੇ ਸੁਰੱਖਿਆ ਪ੍ਰਬੰਧ ਮੁਕੰਮਲ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਤੋਂ ਕੁਝ ਦਿਨਾਂ ਦੀ ਹੋਰ ਮੁਹਲਤ ਮੰਗੀ ਹੈ।

ਅਕਾਲੀ ਹਲਕਿਆਂ ਅਤੇ ਆਮ ਪੰਜਾਬ ਦੇ ਲੋਕਾਂ ਵਿਚ ਰੋਸੇ ਦੀ ਲਹਿਰ ਚਲ ਰਹੀ ਹੈ। ਇਸੇ ਦਾ ਫਾਇਦਾ ਉਠਾ ਕੇ ਗਰਮ ਧੜੇ ਦੇ ਲੋਕਾਂ ਨੇ ਸ੍ਰੀ ਅਕਾਲ ਤਖਤ ਉਤੇ ਮੁੜ ਆਪਣਾ ਕਬਜ਼ਾ ਕਰ ਲਿਆ ਹੈ ਅਤੇ ਅਕਾਲੀ ਦਲ ਦੇ ਸਮਰਥਕਾਂ ਨੇ ਵੀ ਹਿੰਸਾ ਵਧਣ ਦੇ ਡਰੋਂ ਗੁਰੇਜ਼ ਕੀਤਾ ਹੈ।

## ਬਰਨਾਲਾ ਵਲੋਂ ਅਸਤੀਫਾ ਦਿਤੇ ਜਾਣ ਦੀਆਂ ਅਫਵਾਹਾਂ

ਰਾਜਧਾਨੀ ਦੇ ਹਲਕਿਆਂ ਵਿਚ ਇਹ ਅਫਵਾਹ ਵੀ ਗਰਮ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਅਕਾਲੀ ਵਿਧਾਇਕਾਂ ਨੇ ਆਪਣੇ ਅਸਤੀਫੇ ਲਿਖ ਕੇ ਦੇ ਦਿਤੇ ਹਨ। ਇਕ ਸੂਤਰ ਨੇ ਤਾਂ ਇਥੋਂ ਤੱਕ ਵੀ ਕਿਹਾ ਹੈ ਕਿ ਸ੍ਰੀ ਬਰਨਾਲਾ ਨੇ ਆਪਣੀ ਸਰਕਾਰ ਦਾ ਅਸਤੀਫਾ ਪੰਜਾਬ ਦੇ ਗਵਰਨਰ ਸ੍ਰੀ ਸ਼ੰਕਰ ਦਿਆਲ ਸ਼ਰਮਾ ਨੂੰ ਪੇਸ਼ ਕਰ ਦਿਤਾ ਪਰ ਉਨ੍ਹਾਂ ਅਸਤੀਫਾ ਮੰਨਣ ਤੋਂ ਇਨਕਾਰ ਕਰ ਦਿਤਾ ਹੈ।

## ਮੰਗਲਵਾਰ ਨੂੰ ਹੋਈ ਮੀਟਿੰਗ ਦੇ ਫੈਸਲੇ

ਮੰਗਲਵਾਰ 28 ਜਨਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਜ਼ਿਲਾ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਆਨੰਦਪੁਰ ਵਿਚ ਬੁਲਾਈ ਜਿਸ ਵਿਚ ਫੈਸਲਾ ਲਿਆ ਗਿਆ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੱਖਾਂ ਦੀ ਇਕ ਕਨਵੈਨਸ਼ਨ ਬੁਲਾ ਕੇ ਫੈਸਲਾ ਕਰਨ ਕਿ ਸ੍ਰੀ ਅਕਾਲ ਤਖਤ ਦੀ ਨਵ-ਉਸਾਰੀ ਕਿਸ ਨੂੰ ਸੌਂਪੀ ਜਾਵੇ।

## ਸਰੀ ਦੇ ਇਕ ਛਾਪੇਖਾਨੇ ਉਤੇ ਡਾਇਨਾਮਾਈਟ ਦੀਆਂ ਸਟਿਕਾਂ ਦਾ ਮਾਮਲਾ —

### ਸੰਤ ਭਿੰਡਰਾਂਵਾਲਾ ਦਾ ਭਤੀਜਾ ਅਤੇ ਚਾਰ ਹੋਰ ਵਿਅਕਤੀ ਗ੍ਰਿਫਤਾਰ ਅਤੇ ਰਿਹਾਅ

### ਘਰਾਂ ਦੀ ਤਲਾਸ਼ੀ ਵੀ ਲਈ ਗਈ

ਸਰੀ — 'ਸਨ' ਅਖਬਾਰ ਦੀ ਖਬਰ ਅਨੁਸਾਰ ਸਰੀ ਦੇ ਇਕ ਛਾਪੇਖਾਨੇ ਉਤੇ ਐਤਵਾਰ 26 ਜਨਵਰੀ ਨੂੰ ਸਵੇਰੇ ਸਾਢੇ ਸੱਤ ਵਜੇ ਪੁਲਸ ਨੇ ਡਾਇਨਾਮਾਈਟ ਦੀਆਂ ਸਟਿਕਾਂ ਫੜੀਆਂ ਜੋ ਬੈਗ ਵਿਚ ਪਾ ਕੇ ਦੁਕਾਨ ਦੇ ਦਰਵਾਜ਼ੇ ਦੇ ਸਾਹਮਣੇ ਰੱਖੀਆਂ ਹੋਈਆਂ ਸਨ ਅਤੇ ਘੜੀ ਨਾਲ ਲਾਈਆਂ ਹੋਈਆਂ ਸਨ। ਪੁਲਸ ਨੇ ਪਾਣੀ ਛਿੜਕ ਕੇ ਉਹ ਚੁੱਕ ਲਈਆਂ।

ਖਬਰਾਂ ਅਨੁਸਾਰ ਖਾਲਿਸਤਾਨੀ ਅਖਬਾਰ 'ਇੰਡੋ-ਕਨੇਡੀਅਨ ਟਾਈਮਜ਼' ਦਾ ਮਾਲਕ ਤਾਰਾ ਸਿੰਘ ਹੇਅਰ ਅਤੇ ਉਸਦਾ ਜੁਆਈ ਕੁਲਵਿੰਦਰ ਸਿੰਘ ਔਜਲਾ ਇਸ ਛਾਪੇਖਾਨੇ ਦੇ ਸਾਂਝੇ ਮਾਲਕ ਹਨ। ਪੁਲਸ ਨੇ ਪੁਛਗਿਛ ਲਈ ਸੰਤ ਭਿੰਡਰਾਂਵਾਲਾ ਦੇ ਭਤੀਜੇ, ਲਖਬੀਰ ਸਿੰਘ ਬਰਾੜ ਨੂੰ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸਤਿੰਦਰਪਾਲ ਸਿੰਘ ਗਿੱਲ ਦੇ ਘਰੋਂ ਹਿਰਾਸਤ ਵਿਚ ਲੈ ਲਿਆ। ਨਾਲ ਹੀ ਗੁਰਦੁਆਰਾ ਸਰੀ-ਡੈਲਟਾ ਦੇ ਐਗਜ਼ੈਕਟਿਵ ਦੇ ਮੈਂਬਰ ਹਰਜੀਤ ਸਿੰਘ ਅਟਵਾਲ ਨੂੰ ਵੀ ਹਿਰਾਸਤ ਵਿਚ ਲਿਆ ਗਿਆ। ਤਿੰਨ ਹੋਰ ਵਿਅਕਤੀ ਸੁਖਦੇਵ ਸਿੰਘ ਸੰਧੂ, ਹਰਪਾਲ ਸਿੰਘ ਘੁੰਮਣ ਅਤੇ ਹਰਦਿਆਲ ਸਿੰਘ ਗਰਚਾ ਨੂੰ ਵੀ ਫੜਿਆ ਗਿਆ।

ਖਬਰਾਂ ਅਨੁਸਾਰ ਕੁਝ ਘੰਟੇ ਪੁਛਗਿਛ ਕਰਨ ਤੋਂ ਪਿਛੋਂ ਇਹ ਪੰਜ ਵਿਅਕਤੀ ਪੁਲਸ ਨੇ ਰਿਹਾ ਕਰ ਦਿਤੇ। ਫੈਡਰੇਸ਼ਨ ਦੇ ਬੁਲਾਰੇ ਮਨਮੋਹਨ ਸਿੰਘ ਨੇ ਕਿਹਾ ਕਿ ਫੈਡਰੇਸ਼ਨ ਨੂੰ ਪੁਲਸ ਵਲੋਂ ਜਾਣ ਬੁਝ ਕੇ ਤੰਗ ਕੀਤਾ ਜਾ ਰਿਹਾ ਹੈ।

ਤਾਰਾ ਸਿੰਘ ਹੇਅਰ ਨੇ 'ਸਨ' ਅਤੇ 'ਪ੍ਰੋਵਿੰਸ' ਦੀਆਂ ਖਬਰਾਂ ਅਨੁਸਾਰ ਦੋਸ਼ ਲਾਇਆ ਹੈ ਕਿ ਇਹ ਕਾਰਵਾਈ 'ਭਾਰਤੀ ਸਰਕਾਰ ਦੇ ਏਜੰਟਾਂ' ਦੀ ਹੈ। ਉਸ ਅਨੁਸਾਰ ਪਹਿਲਾਂ ਉਸਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ ਹਨ।

ਸੋਮਵਾਰ ਰਾਤ ਨੂੰ 50 ਦੇ ਕਰੀਬ ਖਾਲਿਸਤਾਨੀ ਸਮਰਥਕ ਕਲਾਵਰਡੇਲ ਪੁਲਸ ਸਟੇਸ਼ਨ ਉਤੇ ਉਨੀ ਦੇਰ ਬੈਠੇ ਰਹੇ ਜਦ ਤੱਕ ਪੁਛਗਿਛ ਜਾਰੀ ਰਹੀ। ਰਾਤ ਦੇ ਇਕ ਵਜੇ ਲਖਬੀਰ ਸਿੰਘ ਬਰਾੜ ਨੂੰ ਛੱਡਿਆ ਗਿਆ।

ਖਬਰਾਂ ਅਨੁਸਾਰ ਸਰੀ ਪੁਲਸ ਇਸ ਮੁਆਮਲੇ ਦੀ ਤਹਿਕੀਕਾਤ ਕਰ ਰਹੀ ਹੈ ਮਨਮੋਹਨ ਸਿੰਘ ਨੇ ਇਕ ਇੰਟਰਵਿਊ ਵਿਚ ਕਿਹਾ ਕਿ ਹੋ ਸਕਦਾ ਹੈ ਕਿ ਕਿਸੇ ਨੇ ਸ਼ਰਾਰਤ ਕੀਤੀ ਹੋਵੇ।

## 10,000 ਡਾਲਰ ਦਾ ਇਨਾਮ ਦਾ ਐਲਾਨ

ਸਿੱਖ ਯੂਥ ਫੈਡਰੇਸ਼ਨ ਦੇ ਬੁਲਾਰੇ ਨੇ ਕਿਹਾ ਹੈ ਕਿ ਉਹ 10,000 ਡਾਲਰ ਦਾ ਇਨਾਮ ਰੱਖ ਰਹੇ ਹਨ ਜਿਸ ਨਾਲ ਪਤਾ ਲਗ ਸਕੇ ਕਿ ਇਹ ਕੰਮ ਕਿਸ ਨੇ ਕੀਤਾ ਹੈ

ਪਿਛਲੇ ਹਫਤੇ ਸ਼੍ਰੋਮਣੀ ਕਮੇਟੀ, ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਿਚ ਸਮਝੌਤਾ ਹੋਇਆ ਸੀ ਕਿ ਸਾਰੇ ਰਲ ਕੇ ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਕਰਨਗੇ। ਪਰ ਇਸ ਸਮਝੌਤੇ ਨੂੰ ਤੋੜ ਕੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਦੇ ਪੈਰੋਕਾਰਾਂ ਨੇ ਫਿਰ ਸ੍ਰੀ ਅਕਾਲ ਤਖਤ ਉਤੇ ਕਬਜ਼ਾ ਕਰ ਲਿਆ। ਅਕਾਲੀ ਸਮਰਥਕਾਂ ਨੇ ਸੋਚ ਸਮਝ ਕੇ ਵਿਰੋਧ ਕਰਨ ਤੋਂ ਗੁਰੇਜ਼ ਕੀਤਾ ਹੈ ਤਾਂ ਕਿ ਆਪਸ ਵਿਚ ਲੜਾਈ ਨੂੰ ਟਾਲਿਆ ਜਾ ਸਕੇ।

ਅੰਦਰ ਪੜ੍ਹੋ :—

ਹਰਿਆਣੇ ਦੇ ਅਕਾਲੀ ਲੀਡਰ ਜਥੇਦਾਰ ਨਾਜ਼ਰ ਸਿੰਘ ਨਾਲ ਮੁਲਾਕਾਤ

ਖੁਸ਼ਖਬਰੀ!



ਸਦਿਓੜਾ ਜਿਊਲਰਜ਼

5087 - ਵਿਕਟੋਰੀਆ ਡਰਾਈਵ, ਵੈਨਕੂਵਰ

ਫੋਨ : 327-5155



ਖੁਸ਼ਖਬਰੀ!

ਭਾਰਤੀ ਗਹਿਣੇ ਬਨਾਉਣ ਵਾਲੇ ਖਾਨਦਾਨੀ ਤਜਰਬਾਕਾਰ ਸ: ਭਗਵੰਤ ਸਿੰਘ ਜੀ ਸਦਿਓੜਾ ਨੇ ਆਪਣਾ ਜਿਊਲਰੀ ਸਟੋਰ ਖੋਲ੍ਹ ਲਿਆ ਹੈ ਜਿਥੋਂ ਕਿ ਆਪ ਆਪਣੀ ਮਨਪਸੰਦ ਦੇ 22 ਕੈਰਟ ਤੇ 24 ਕੈਰਟ ਸੋਨੇ ਵਿਚ ਨਵੇਂ ਨਵੇਂ ਮਾਡਰਨ ਡੀਜ਼ਾਈਨਾਂ ਦੇ ਕਾਲਰ ਸੈਟ, ਮੰਗਲਸੂਤਰ, ਰਾਣੀਹਾਰ, ਮਟਰ-ਮਾਲਾ, ਝੁਮਕੀ ਵਾਲੇ ਕਾਂਟੇ, ਗਲੇ ਦੀਆਂ ਚੈਨਾਂ, ਲਾਜਵਾਬ ਕੰਨਾਂ ਦੇ ਰਿੰਗ, ਲੇਡੀਜ਼ ਜੈਂਟਸ ਮੁੰਦਰੀਆਂ - ਦਿਲ ਖਿਚਵੀਆਂ ਵੰਗਾਂ, ਹਾਥੀ ਮੂੰਹ ਵਾਲੇ ਕੜੇ ਤੇ ਬਰੇਸਟਾ — ਗੱਲ ਕੀ ਹਰ ਚੀਜ਼ ਬੜੀ ਹੀ ਵਾਜਬ ਕੀਮਤ ਉਤੇ ਬਣਾ ਕੇ ਦਿੰਦੇ ਹਨ ਇਸ ਮਹੀਨੇ ਸਟੋਰ ਖੋਲ੍ਹਣ ਦੀ ਖੁਸ਼ੀ ਵਿਚ ਹਰ ਚੀਜ਼ ਦੀ ਬਣਵਾਈ 'ਤੇ ਬੜੀ ਹੀ ਜ਼ਬਰਦਸਤ ਸੇਲ ਲਾ ਦਿਤੀ ਹੈ

ਹੁਮ ਹੁਮਾ ਕੇ ਆਓ ਤੇ ਸੇਲ ਦਾ ਫਾਇਦਾ ਉਠਾਓ



ਭਗਵੰਤ ਸਿੰਘ ਸਦਿਓੜਾ

# ਅਮਰੀਕਾ ਦੇ ਪੁਲਾੜ ਸ਼ਟਲ 'ਚੈਲਿੰਜਰ ਨੂੰ' ਭਿਆਨਕ ਹਾਦਸਾ

ਕੱਲ੍ਹ ਸਵੇਰੇ ਅਮਰੀਕਾ ਦੇ 55 ਪੁਲਾੜ ਯਾਤਰਾਂ ਕਰ ਚੁੱਕੇ ਪੁਲਾੜ ਸ਼ਟਲ ਨੂੰ ਭਿਆਨਕ ਹਾਦਸੇ ਕਾਰਨ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵਿਚ ਸੱਤ ਪੁਲਾੜ ਯਾਤਰੀ ਵੀ ਮਾਰੇ ਗਏ ਹਨ। ਇਸ ਸ਼ਟਲ ਦੀ ਕੀਮਤ 1.2 ਬਿਲੀਅਨ ਡਾਲਰ ਦੱਸੀ ਗਈ ਹੈ। ਇਸ ਭਿਆਨਕ ਹਾਦਸੇ ਉਤੇ ਰੂਸ ਦੀ ਪਾਰਟੀ ਦੇ ਜਨਰਲ ਸਕੱਤਰ ਸ਼੍ਰੀ ਗਾਰਬਾਚੋਫ ਨੇ ਦੁੱਖ ਦਾ ਪ੍ਰਗਟਾ ਕੀਤਾ ਹੈ। ਸਮੁੱਚੇ ਸੰਸਾਰ ਦੇ ਲੀਡਰਾਂ ਵਲੋਂ ਇਸ ਭਿਆਨਕ ਹਾਦਸੇ ਉਤੇ ਅਮਰੀਕਾ ਨਾਲ ਦੁੱਖ ਦਾ ਪ੍ਰਗਟਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਪੁਲਾੜ ਯਾਤਰੀਆਂ ਨੂੰ 1967 ਵਿਚ ਭਿਆਨਕ ਹਾਦਸੇ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਵਿਚ ਤਿੰਨ ਯਾਤਰੀ ਮਾਰੇ ਗਏ ਸੀ।



MIKE SMITH



JUDY RESNIK



AP photos

FRANCIS SCOBEE



ELLISON ONIZUKA



GREGORY JARVIS



RONALD McNAIR

# ਪੀਪਲਜ਼ ਪਾਰਟੀ ਦੀ ਏਕਤਾ ਖਤਰੇ ਵਿਚ

ਇਸਲਾਮਾਬਾਦ — ਪਾਕਿਸਤਾਨ ਦੇ ਸਿੰਧ ਸੂਬੇ ਵਿਚ ਜਥੇਬੰਦੀ ਦੇ ਪੁਨਰਗਠਨ ਦੇ ਸਵਾਲ ਨੂੰ ਲੈ ਕੇ ਪੀਪਲਜ਼ ਪਾਰਟੀ ਦੀ ਪ੍ਰਧਾਨ ਕੁਮਾਰੀ ਬੇਨਜ਼ੀਰ ਭੁੱਟੋ ਅਤੇ ਗੁਲਾਮ ਮੁਸਤਫਾ ਜਤੋਈ ਵਿਚਕਾਰ ਮਤਭੇਦ ਪੈਦਾ ਹੋ ਗਏ ਹਨ। ਜੇਕਰ ਇਹ ਮਤਭੇਦ ਦੂਰ ਨਾ ਹੋਏ ਤਾਂ ਪਾਰਟੀ ਦੋਫਾੜ ਵੀ ਹੋ ਸਕਦੀ ਹੈ। ਸ੍ਰੀ ਜਤੋਈ ਇਸ ਸਵਾਲ ਉਤੇ ਕੁਮਾਰੀ ਬੇਨਜ਼ੀਰ ਨਾਲ ਗੱਲਬਾਤ ਕਰਨ ਲਈ ਅਗਲੇ ਮਹੀਨੇ ਲੰਡਨ ਜਾ ਰਹੇ ਹਨ।

ਸ੍ਰੀ ਜਤੋਈ ਦੇ ਇਕ ਨਜ਼ਦੀਕੀ ਸਾਥੀ ਦਾ ਕਹਿਣਾ ਹੈ ਕਿ ਕੁਮਾਰੀ ਭੁੱਟੋ ਨੂੰ ਮਿਲਣ ਤੋਂ ਪਹਿਲਾਂ ਸ੍ਰੀ ਜਤੋਈ ਕੋਈ ਬਿਆਨ ਜਾਰੀ ਨਹੀਂ ਕਰਨਗੇ। 5 ਜਨਵਰੀ ਨੂੰ ਸ੍ਰੀ ਭੁੱਟੋ ਦੀ ਵਰ੍ਹੇਗੰਢ ਦੇ ਮੌਕੇ ਉਤੇ ਵੀ ਸ੍ਰੀ ਜਤੋਈ ਹਾਜ਼ਰ ਨਹੀਂ ਸਨ। ਇਸ ਲਈ ਇਹ ਅਫਵਾਹਾਂ ਉਡਣੀਆਂ ਸ਼ੁਰੂ ਹੋ ਗਈਆਂ ਸਨ ਕਿ ਸ੍ਰੀ ਜਤੋਈ ਨਵੀਂ ਪਾਰਟੀ ਬਣਾ ਰਹੇ ਹਨ।

# ਕਿਸਾਨਾਂ ਉਤੇ ਨਦੀਨ ਨਾਸ਼ਕ ਖਰੀਦਣ ਲਈ ਦਬਾਅ

ਪਟਿਆਲਾ — ਉਤਪਾਦਕਾਂ ਨੂੰ ਸਹਿਕਾਰੀ ਕਰਜ਼ਿਆਂ ਤੇ ਖੇਤੀ ਦੀ ਸਮੱਗਰੀ ਪ੍ਰਾਪਤ ਕਰਨ ਵਿਚ ਇਸ ਸਾਲ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਸੁਸਾਇਟੀਆਂ ਦੇ ਮੈਂਬਰ ਸਕੱਤਰਾਂ ਜਾਂ ਸਹਿਕਾਰੀ ਵਿਭਾਗ ਦੇ ਅਫਸਰਾਂ ਕੋਲ ਕਰਜ਼ੇ ਤੇ ਕੀਮੀਆਈ ਖਾਦ ਲੈਣ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਨਦੀਨ ਨਾਸ਼ਕ ਦਵਾਈਆਂ ਲੈਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜਿਨ੍ਹਾਂ ਲੋਕਾਂ ਨੂੰ ਨਦੀਨ - ਨਾਸ਼ਕ ਨਹੀਂ ਵੀ ਚਾਹੀਦੇ ਉਨ੍ਹਾਂ ਨੂੰ ਵੀ ਕੁਝ ਦਵਾਈਆਂ ਦਿਤੇ ਬਿਨਾਂ ਖਾਦ ਨਹੀਂ ਦਿਤੀ ਜਾਂਦੀ। ਨਤੀਜੇ ਵਜੋਂ ਕਈ ਹਾਲਤਾਂ ਵਿਚ ਖਾਦ ਫਸਲ ਨੂੰ ਸਮੇਂ ਸਿਰ ਨਹੀਂ ਦਿਤੀ ਜਾ ਰਹੀ। ਰਾਜ ਦੀਆਂ ਵਧੇਰੇ ਸੁਸਾਇਟੀਆਂ ਵਿਚ ਖਾਦ ਕਰਜ਼ੇ ਉਤੇ ਦੇਣ ਲਈ ਕਰਮਚਾਰੀਆਂ ਨੂੰ ਇਨਕਾਰ ਕਰ ਦਿਤਾ; ਜਦੋਂ ਤਕ ਉਤਪਾਦਕਾਂ ਨੇ ਦਵਾਈਆਂ ਨਹੀਂ ਲੈ ਲਈਆਂ। ਜਿਨ੍ਹਾਂ ਕਿਸਾਨਾਂ ਨੂੰ ਨਦੀਨ ਨਾਸ਼ਕ ਨਹੀਂ ਚਾਹੀਦੀ, ਉਹ ਫਿਰ ਇਨ੍ਹਾਂ ਨੂੰ ਸੁਸਾਇਟੀਆਂ ਤੋਂ ਲੈ ਕੇ ਡੀਲਰਾਂ ਨੂੰ ਵੇਚ ਜਾਂਦੇ ਹਨ। ਡੀਲਰ ਆਪਣਾ ਮੁਨਾਫਾ ਲਾ ਕੇ ਦੂਜੇ ਉਤਪਾਦਕਾਂ ਨੂੰ ਦੇ ਦਿੰਦੇ ਹਨ।

ਸੁਸਾਇਟੀਆਂ ਤੋਂ ਦਿਤੇ ਗਏ ਨਦੀਨ ਨਾਸ਼ਕ ਵਿਕਣ ਲਈ ਡੀਲਰਾਂ ਕੋਲ ਪਹੁੰਚਣ ਉਪਰੰਤ ਇਸ ਸੀਜ਼ਨ ਵਿਚ ਗੁੱਲੀ ਡੰਡਾ ਮਾਰਨ ਵਾਲੀਆਂ ਦਵਾਈਆਂ ਦੀ ਹੁਣ ਕੀਮਤ ਤੀਜੀ ਵਾਰ ਡਿੱਗੀ ਹੈ। ਪਹਿਲੀ ਵਾਰ ਜਦੋਂ ਸਬਸਿਡੀ ਦਾ ਐਲਾਨ ਕੀਤਾ ਗਿਆ ਸੀ ਤਾਂ ਕੀਮਤਾਂ ਡਿੱਗੀਆਂ ਸਨ। ਫੇਰ ਜਦੋਂ ਮਾਰਕਫੈਡ ਨੇ ਕੁਝ ਦਵਾਈਆਂ ਵੇਚਣੀਆਂ ਸ਼ੁਰੂ ਕੀਤੀਆਂ ਉਸ ਸਮੇਂ ਮੰਦਾ ਆਇਆ।



# ਕਰਜ਼ਾ ਲੈਣ ਵਾਲਿਆਂ ਨੂੰ ਔਖ ਦਾ ਸਾਹਮਣਾ

ਬਰਨਾਲਾ — ਸਨਅਤ ਲਾਉਣ ਨੂੰ ਉਤਸ਼ਾਹਤ ਕਰਨ ਲਈ ਭਾਵੇਂ ਸਰਕਾਰ ਨੇ ਕਰਜ਼ੇ ਲਈ ਵਿਆਜ ਸਾਢੇ 13 ਦੀ ਥਾਂ ਸਾਢੇ 11 ਫੀਸਦੀ ਕਰਨ ਦਾ ਐਲਾਨ ਕੀਤਾ ਹੈ, ਪਰ ਇਸ ਉਤੇ ਅਮਲ ਨਹੀਂ ਹੋ ਰਿਹਾ। ਇਸ ਮੰਤਵ ਲਈ ਕਰਜ਼ਾ ਲੈਣ ਦੇ ਚਾਹਵਾਨਾਂ ਨੇ ਦੱਸਿਆ ਕਿ ਜਦ ਉਹ ਪੰਜਾਬ ਵਿਤ ਕਾਰਪੋਰੇਸ਼ਨ ਪਾਸ ਜਾਂਦੇ ਹਨ ਤਾਂ ਉਤਰ ਮਿਲਦਾ ਹੈ ਕਿ ਸਰਕਾਰ ਵਲੋਂ ਕੀਤੇ ਐਲਾਨ ਬਾਰੇ ਲਿਖਤੀ ਹੁਕਮ ਨਹੀਂ ਪੁੱਜਿਆ। ਇਹੋ ਹੀ ਨਹੀਂ ਕਿ ਘੱਟ ਵਿਆਜ ਦੀ ਦਰ ਨਹੀਂ ਲਾਈ ਜਾ ਰਹੀ ਸਗੋਂ ਪ੍ਰਾਰਥੀਆਂ ਨੂੰ ਇਸ ਬਹਾਨੇ ਕਰਜ਼ਾ ਦੇਣ ਤੋਂ ਟਾਲਮਟੋਲ ਕੀਤਾ ਜਾ ਰਿਹਾ ਹੈ। ਇਹ ਵੀ ਨਹੀਂ ਕੀਤਾ ਜਾ ਰਿਹਾ ਕਿ ਪਹਿਲੀ ਵਿਆਜ ਦੀ ਦਰ ਉਤੇ ਕਰਜ਼ਾ ਦੇ ਕੇ ਕਿਹਾ ਜਾਏ ਕਿ ਜੇ ਸਰਕਾਰੀ ਹੁਕਮ ਦੋ ਫੀਸਦੀ ਸੂਦ ਘਟਾਉਣ ਦੇ ਆ ਗਏ ਤਾਂ ਉਹ ਲਾ ਲਿਆ ਜਾਵੇਗਾ।

ਕਰਜ਼ਾ ਲੈਣ ਦੇ ਇੱਛਕਾਂ ਦਾ ਦੋਸ਼ ਹੈ ਕਿ ਕਾਰਪੋਰੇਸ਼ਨ ਵਾਲੇ ਲਾਰਿਆਂ ਵਿਚ ਹੀ ਸਮਾਂ ਲੰਘਾ ਦੇਣਾ ਚਾਹੁੰਦੇ ਹਨ। ਨਵਾਂ ਕਾਰੋਬਾਰ ਸ਼ੁਰੂ ਕਰਨ ਵਾਲੇ ਆਪਣੇ ਪਾਸੋਂ ਖਰਚ ਕਰਕੇ ਹੁਣ ਸਰਕਾਰੀ ਵਾਇਦਿਆਂ ਤੇ ਐਲਾਨਾਂ ਵਲ ਵੇਖ ਰਹੇ ਹਨ।

**BOMBAY SWEETS**
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*

**Lo-Cost Aluminum Railing (1985) Ltd.**
Specialists in Commercial & Residential Railings & Awning Frames
Sajiv Paul
Manager
Ph. 272-2840 or 872-7227
Unit K - 2420 SHELL RD.
RICHMOND, B.C.

**D. P. Pandia & Associates**
Immigration Consultants
Serving the Community Since 1939
Jitendra Desai — D. P.Pandia
Ph. (604)684-3716
#61 - 553 Granville St. Vancouver, B.C.
ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

(ਪੰਨਾ 15 ਦੀ ਬਾਕੀ)

ਪਰ ਉਨ੍ਹਾਂ ਹੀ ਗੁਰੂਆਂ ਦੇ ਪੈਰੋਕਾਰ ਅਜ ਆਪ ਕਿਤਨੇ ਰਸਮ-ਪਰਸਤੀਆਂ ਦੀ ਦਲਦਲ ਵਿਚ ਧਸੇ ਦਿਸ ਰਹੇ ਹਨ ? ਪੰਜ ਕੁਕਾਰ ਧਾਰਨ ਕਰ ਲੈਣਾ ਅਤੇ ਅੰਮ੍ਰਿਤ ਛਕਣਾ, ਗੁਰ-ਸਿੱਖੀ ਦੀ ਅਜ ਇਹੋ ਇਕ-ਮਾਤਰ ਸ਼ਰਤ ਅਤੇ ਸਿਫ਼ਤ ਬਣ ਗਈ ਹੈ। ਇਸ ਦੀ ਆੜ ਵਿਚ ਹਰ ਪ੍ਰਕਾਰ ਦੇ ਕੁਕਰਮ ਦੀ, ਹਰ ਪ੍ਰਕਾਰ ਦੀ ਤੰਗ-ਨਜ਼ਰੀ, ਧੜੇ-ਬਾਜ਼ੀ, ਧੱਕੇ-ਸ਼ਾਹੀ ਅਤੇ ਕਾਲਾ-ਬਾਜ਼ਾਰੀ (Black Market) ਦੀ ਖੁਲ੍ਹ ਮਿਲੀ ਹੋਈ ਹੈ।

ਖਾਲਸਾ ਬਣਨ ਲਈ ਕਿਸੇ ਉਚੇ ਅਖਲਾਕ ਕਿਸੇ ਤੇਜ ਤੇ ਤਪ ਦੀ ਲੋੜ ਹੈ, ਇਸ ਦੀ ਕਲਪਨਾ ਪਾਠਕ ਆਪ ਕਰ ਲੈਣ।

ਗੁਰੂ ਗੋਬਿੰਦ ਸਿੰਘ ਜੀ ਦੀ ਪਰਿਭਾਸ਼ਾ ਅਨੁਸਾਰ ਖਾਲਸਾ ਸਾਰੀ ਮਨੁਖਤਾ ਦੀ ਢਾਲ ਹੈ, ਉਹਨੂੰ ਸਾਰੀਆਂ ਰੂਹਾਨੀ ਅਤੇ ਜਿਸਮਾਨੀ ਗੁਲਾਮੀਆਂ ਤੋਂ ਆਜ਼ਾਦ ਕਰਾਣ ਦਾ ਸਾਧਨ ਹੈ।

ਖਾਲਸਾ ਮੰਜ਼ਲ ਹੈ, ਮੰਜ਼ਿਲੇ-ਮਕਸੂਦ ਨਹੀਂ। ਕਾਰਲ ਮਾਰਕਸ ਨੇ ਇਕ ਥਾਂ ਲਿਖਿਆ ਹੈ, "ਫਲਸਫੇ ਦਾ ਕੰਮ ਕੇਵਲ ਦੁਨੀਆਂ ਨੂੰ ਸਮਝਣਾ ਨਹੀਂ, ਦੁਨੀਆਂ ਨੂੰ ਬਦਲਣਾ ਵੀ ਹੈ। ਅਤੇ ਗੁਰੂ ਗੋਬਿੰਦ ਸਿੰਘ ਜੀ ਇਕ ਅਜਿਹੇ ਫਿਲਾਸਫਰ ਸਨ ਉਨ੍ਹਾਂ ਦੁਨੀਆਂ ਨੂੰ ਸਮਝਿਆ ਵੀ ਤੇ ਆਪਣੇ ਬਾਹੂਬਲ ਨਾਲ ਬਦਲਿਆ ਵੀ।

ਏਸ ਗੁਰਬਾਣੀ ਨੂੰ ਤੇ ਪੰਜਾਬੀ ਭਾਸ਼ਾ ਨੂੰ ਆਪਣੀ ਜਾਗੀਰ ਨਾ ਸਮਝੋ। ਇਹ ਨਿਰੀ ਤੁਹਾਡੀ ਨਹੀਂ। ਜੇ ਤੁਸੀਂ ਸਚੇ ਗੁਰਮੁਖ ਹੋ ਤਾਂ ਨਿਸ਼ਕਾਮ ਸੇਵਾ ਦੇ ਸਿਵਾ ਦੁਨੀਆਂ ਵਿਚ ਤੁਹਾਡੀ ਕੋਈ ਸੰਪਤੀ ਨਹੀਂ। ਇਹ ਭਰਪੂਰ ਖਜ਼ਾਨਾ ਜੋ ਤੁਸਾਂ ਕੋਲ ਹੈ, ਉਹਨੂੰ ਸਰਬਤ ਵਿਚ ਵੰਡ ਦਿਓ। ਅਮੀਰ ਹੋ ਜਾਓਗੇ।

ਨਫਰਤ ਕਰੋ ਜ਼ਰੂਰ ਕਰੋ, ਪਰ ਆਪਸ ਵਿਚ ਨਹੀਂ। ਨਫਰਤ ਕਰੋ ਉਹਨਾਂ ਨਾਲ ਜੋ ਧੋਖੇ ਕਰ ਕੇ, ਜ਼ੁਲਮ ਕਰਕੇ ਜਨਤਾ ਦੇ ਜੀਵਨ ਨੂੰ ਦੁਖੀ ਬਣਾਉਂਦੇ ਹਨ, ਜੋ ਜਨਤਾ ਦੇ ਜੀਵਨ ਨੂੰ ਦੁਖੀ ਬਣਾ ਕੇ ਆਪ ਐਸ਼ਾਂ ਕਰਨਾ ਅਕਾਲ-ਪੁਰਖ ਦਾ ਅਟੱਲ ਨੇਮ ਸਮਝਦੇ ਹਨ, ਜੋ ਮਨੁੱਖਤਾ ਦੇ ਵੈਰੀ ਹਨ ਜੋ ਆਪਣੇ ਕਮੀਨੇ ਸੁਆਰਥਾਂ ਲਈ ਧਰਮ ਦੀ ਆੜ ਲੈ ਕੇ ਜਨਤਾ ਨੂੰ ਪਾੜਦੇ ਹਨ, ਗੁੰਮਰਾਹ ਕਰਦੇ ਹਨ, ਆਪਸ ਵਿਚ ਲੜਾਉਂਦੇ ਹਨ। ਨਫਰਤ ਕਰੋ ਰੋਗ ਨਾਲ, ਰੋਗੀ ਨਾਲ ਨਹੀਂ

ਸਿੱਖ ਨੂੰ ਜੋ ਤਾਕਤ ਗੁਰੂ ਵਲੋਂ ਮਿਲੀ ਹੈ ਉਹ ਪਾਵਨ ਹੈ। ਉਹ ਤਾਕਤ ਕਿਸੇ ਵੀ ਮਜ਼੍ਹਬ ਜਾਂ ਕੌਮ ਦੀ ਦੁਸ਼ਮਣ ਨਹੀਂ। ਉਹ ਪਵਿਤਰ ਤਾਕਤ ਫਜ਼ੂਲ ਦੇ ਝਗੜਿਆਂ ਝੇੜਿਆਂ ਵਿਚ ਜ਼ਾਇਆ ਕਰਨ ਜੋਗੀ ਵੀ ਨਹੀਂ। ਉਹ ਤਾਕਤ ਕੇਵਲ ਧਰਤੀ ਉਤੋਂ ਜ਼ੁਲਮ ਅਤੇ ਅਨਿਆਉਂ ਦੇ ਕੂੜ ਨਜ਼ਾਮ ਨੂੰ ਢਾਹੁਣ ਲਈ ਬਖਸ਼ੀ ਗਈ ਹੈ। ਪਹਿਲਾਂ ਵੀ ਉਹੀ ਰੋਲ ਸੀ ਉਸਦਾ ਅਤੇ ਅਜ ਵੀ ਇਹਦਾ ਉਹੀ ਇਤਿਹਾਸਕ ਰੋਲ ਹੈ :—

"ਖਲਕ ਖਾਲਿਖ ਕੀ ਜਾਨ ਕੈ
ਖਲਕ ਦੁਖਾਵੈ ਨਾਹਿ
ਖਲਕ ਦੁਖੈ ਨੰਦ ਲਾਲ ਜੀ, ਖਾਲਿਕ ਕੰਪੈ ਤਾਹਿ"

ਗੁਰੂ ਜੀ ਦੇ ਪਾਏ ਪੂਰਨਿਆਂ ਉਤੇ ਤੁਰਿਆਂ ਸਾਡਾ ਆਚਾਰਣ ਮਜ਼ਬੂਤ ਤੇ ਆਤਮਾ ਸੁਹਣੀ ਹੋ ਸਕਦੀ ਹੈ, ਉਹ ਸੁਹਣੀ ਆਤਮਾ ਜਿਹਨੂੰ ਮੌਤ ਦੀ ਪਰਵਾਹ ਨਹੀਂ, ਹਾਦਸੇ ਦਾ ਡਰ ਨਹੀਂ, ਜਿਦ੍ਹੀਆਂ ਨਜ਼ਰਾਂ ਵਿਚ ਮੁਲਕ ਮਜ਼੍ਹਬ, ਕੌਮਾਂ ਦੀਆਂ ਲਕੀਰਾਂ ਮਿਟ ਜਾਂਦੀਆਂ ਹਨ, ਜਿਹਨੂੰ ਇਨਸਾਨ ਇਨਸਾਨ ਹੀ ਦਿਸਦਾ ਹੈ, ਨਾ ਹਿੰਦੂ, ਨਾ ਮੁਸਲਮਾਨ ਤੇ ਨਾ ਕੋਈ ਹੋਰ।



ਮੁਕਤਸਰ




ਮਾਈ ਭਾਗੋ ਸਿੰਘਾਂ ਨੂੰ ਲੜਾਈ ਦੇ ਮੈਦਾਨ ਵਿਚ ਨਿਤਰਨ ਲਈ ਪ੍ਰੇਰਦਿਆਂ।

ਹਵਾਲੇ —

ਪਰਮ-ਮਨੁੱਖ — ਗੁਰਬਖਸ਼ ਸਿੰਘ
ਪ੍ਰੀਤਲੜੀ — ਨਵੰਬਰ 1959 - ਬਲਰਾਜ ਸਾਹਨੀ ਦਾ ਲੇਖ
ਪ੍ਰੀਤ ਲੜੀ — ਫਰਵਰੀ 1967 - ਬਲਰਾਜ ਸਾਹਨੀ ਦਾ ਲੇਖ
ਕਲਿਯੁਗ ਮਧੁ ਸੂਦਨ ਗੁਰੂ ਗੋਬਿੰਦ ਸਿੰਘ

## 6 ਮੈਂਬਰੀ ਚੀਨੀ ਵਫਦ ਦੀ ਭਾਰਤੀ ਨੇਤਾਵਾਂ ਨਾਲ ਭੇਂਟ

ਨਵੀਂ ਦਿੱਲੀ, :-(ਪੀ ਟੀ ਆਈ) ਚੀਨੀ ਕਮਿਊਨਿਸਟ ਪਾਰਟੀ ਦੇ 6 ਮੈਂਬਰੀ ਵਫਦ ਨੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸੀ ਕਮਿਊਨਿਸਟ ਪਾਰਟੀ ਦੇ ਵਖ ਵਖ ਨੇਤਾਵਾਂ ਨਾਲ ਅਲਗ ਅਲਗ ਮਸ਼ਵਰੇ ਕੀਤੇ।


# ਕੀ ਇਮੀਗਰੇਸ਼ਨ ਦਾ ਮਸਲਾ ਹੈ ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਯਾ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸਤੇਦਾਰ ਦੇ ਬਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ,ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸਤੇਦਾਰ ਦੀ ਚਿਠੀ ਭਰੀ ਹੈ ਤਾ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ, ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ

ਹੋਰ ਜਾਣਕਾਰੀ ਲਈ ਮਿਲੋ ਜਾਂ ਫੂਨ ਕਰੋ

**ਮਲਕੀਤ ਸਿੰਘ ਪਰਹਾਰ**
**ਨਵਾਂ ਫੋਨ:**
**OFF.(604)733-1644**
**Res. 228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ਼ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।
- ਜੇ ਤੁਸੀਂ ਵਸੀਅਤ ਖਿਆਲ ਨਾਲ ਨਹੀਂ ਬਨਾਉਂਦੇ ਅਤੇ ਤੁਹਾਡੇ ਮਗਰਲੇ ਰਿਸ਼ਤੇਦਾਰਾਂ ਨੂੰ ਮਗਰੋਂ ਬਹੁਤ ਹੀ ਤਕਲੀਫਾਂ ਆ ਸਕਦੀਆ ਹਨ ਤਾਂ ਗੌਰਮਿਟ ਉਸਦੇ ਵਿਚੋਂ ਬਹੁਤ ਹੀ ਟੈਕਸ ਲੈ ਜਾਂਦੀ ਹੈ। ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਸਹੀ ਵਸੀਅਤ ਸਮੇਂ ਦੇ ਅਨੁਸਾਰ, ਵੱਖ-ਵੱਖ ਕਿਸਮਾਂ ਦੀ ਕਿਵੇਂ ਬਣਾਈ ਜਾ ਸਕਦੀ ਹੈ।

*World-Wide Immigration To Canada and U.S.A. Ltd.*



# ਫ਼ਿਲਮ ਲੋਕ



# ਸਾਰਿਕਾ
## ਫਿਲਮ ਇੰਡਸਟਰੀ ਦੀ ਪਹਿਲੀ ਅਣਵਿਆਹੀ ਮਾਂ



ਫਿਲਮ ਕੇਂਦਰ ਵਿਚ ਇਹ ਪਹਿਲਾ ਵਾਕਿਆ ਹੈ ਜਦੋਂ ਕਿਸੇ ਅਭਿਨੇਤਰੀ ਨੇ ਆਪਣੇ ਮੂੰਹੋਂ ਸ਼ਰੇਆਮ ਕਿਹਾ ਹੋਵੇ ਕਿ ਉਹ ਵਿਆਹ ਤੋਂ ਪਹਿਲਾਂ ਹੀ ਗਰਭਵਤੀ ਹੋ ਚੁਕੀ ਹੈ। ਬੱਚਾ ਤਾਂ ਸ਼ਿਵਾਂਗੀ-ਸ਼ਕਤੀ ਕਪੂਰ ਦੇ ਵੀ ਵਿਆਹ ਤੋਂ ਛੇ ਮਹੀਨੇ ਪਿਛੋਂ ਹੀ ਹੋ ਗਿਆ ਸੀ ਪਰ ਉਨ੍ਹਾਂ ਨੇ ਸਮਾਜਕ ਤੌਰ ਤੇ ਇਕ ਹੋਣ ਦਾ ਲਾਈਸੈਂਸ ਜ਼ਰੂਰ ਲੈ ਲਿਆ ਸੀ ਪਰ ਸਾਰਿਕਾ ਦੀ ਤਾਂ ਗਾਥਾ ਵੀ . ਹੀ ਨਿਰਾਲੀ ਹੈ। ਵੈਸੇ ਤਾਂ ਸ਼ੁਰੂ ਤੋਂ ਹੀ ਸਾਰਿਕਾ ਨੂੰ ਘਰ ਉਜਾੜਨ ਵਾਲੀ, ਬਦਚਲਣ, ਖੁਦਗਰਜ਼ ਆਦਿ ਵਿਸ਼ੇਸ਼ਣਾਂ ਨਾਲ ਸੱਦਿਆ ਜਾਂਦਾ ਰਿਹਾ ਹੈ ਪਰ ਉਸ ਦੇ ਮੂੰਹੋਂ ਨਿਕਲੇ ਸਨਸਨੀਖੇਜ਼ ਸ਼ਬਦਾਂ ਨੇ ਤਾਂ ਹੋਰ ਵੀ ਧੰਨ ਧੰਨ ਕਰਵਾ ਦਿਤੀ ਕਿ ਉਹ ਜਨਵਰੀ ਵਿਚ ਕਮਲ ਹਸਨ ਦੇ ਬੱਚੇ ਦੀ ਮਾਂ ਬਣ ਰਹੀ ਹੈ ਜਦ ਕਿ ਦੋਵਾਂ ਦਾ ਅਜੇ ਤਕ ਵਿਆਹ ਨਹੀਂ ਹੋਇਆ। ਸਾਰਿਕਾ ਦੇ ਨਾਂ ਨਾਲ ਜਿਹੜੇ ਵਿਸ਼ੇਸ਼ਣ ਜੁੜੇ ਹਨ ਉਸ ਨੇ ਖੁਦ ਇਨ੍ਹਾਂ ਦੀ ਪੁਸ਼ਟੀ ਕਰ ਦਿਤੀ ਹੈ।

ਦੂਜੇ ਪਾਸੇ ਉਸਦੇ ਸ਼ਾਦੀ ਸ਼ੁਦਾ ਪ੍ਰੇਮੀ ਕਮਲ ਹਸਨ ਨਾ ਤਾਂ ਆਪਣੀ ਪਤਨੀ ਵਾਣੀ ਨੂੰ ਤਲਾਕ ਦੇਣਾ ਚਾਹੁੰਦਾ ਹੈ ਤੇ ਨਾ ਹੀ ਸਾਰਿਕਾ ਦੇ ਨਜਾਇਜ਼ ਬੱਚੇ ਦਾ ਬਾਪ ਬਣਨ ਤੋਂ ਪਹਿਲਾਂ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਉਹ ਇਸ ਭਖਦੇ ਮਸਲੇ ਬਾਰੇ ਕੋਈ ਸਫ਼ਾਈ ਵੀ ਦੇਣੀ ਨਹੀਂ ਚਾਹੁੰਦਾ, ਸਿਰਫ ਉਹ 'ਹਾਂ' ਵਿਚ ਸਿਰ ਜ਼ਰੂਰ ਹਿਲਾਉਂਦਾ ਹੈ। ਇਸੇ ਤਰ੍ਹਾਂ ਸਾਰਿਕਾ ਨੇ ਵੀ ਆਪਣੇ ਬਚਾਅ ਵਿਚ ਇਕ ਵੀ ਲਫ਼ਜ਼ ਨਹੀਂ ਕਿਹਾ ਹੈ। ਇਸ ਲਈ ਸਾਰਿਕਾ ਦੀ ਉਸ ਤਕਲੀਫ ਨੂੰ ਬਹੁਤ ਘੱਟ ਲੋਕ ਮਹਿਸੂਸ ਕਰਦੇ ਹਨ ਜਿਹੜੀ ਉਸਨੇ ਅਣਵਿਆਹੀ ਮਾਂ ਬਣਨ ਵਰਗਾ ਜ਼ਬਰਦਸਤ ਫੈਸਲਾ ਲੈਣ ਪਿਛੋਂ ਭੋਗੀ ਹੈ। ਉਸਦੇ ਜਿਹੜੇ ਖਾਸ ਦੋਸਤ ਇਸ ਗੱਲ ਨੂੰ ਜਾਣਦੇ ਵੀ ਹਨ ਉਨ੍ਹਾਂ ਨੂੰ ਸਾਰਿਕਾ ਨੇ ਆਪਣੇ ਬਾਰੇ ਕੋਈ ਵੀ ਗੱਲ ਨਾ ਕਰਨ ਦੀ ਸਹੁੰ ਚੁਕਾਈ ਹੋਈ ਹੈ। ਕਿੰਨਾ ਹੀ ਚਿਕੜ ਇਨ੍ਹੀਂ ਦਿਨੀ ਆਸ਼ਕਾਂ ਤੇ ਉਛਾਲਿਆ ਗਿਆ ਪਰ ਇਨ੍ਹਾਂ ਨੇ ਇਸ ਦੇ ਖਿਲਾਫ ਕੋਈ ਆਵਾਜ਼ ਨਹੀਂ ਉਠਾਈ। ਪਰ ਆਖਿਰ ਇਹ ਲੋਕ ਵੀ ਇਨਸਾਨ ਹਨ। ਖਾਸ ਕਰਕੇ ਸਾਰਿਕਾ ਨੂੰ ਇਸ ਨਾਲ ਬਹੁਤ ਤਕਲੀਫ ਪਹੁੰਚਦੀ ਹੈ। ਜਦੋਂ ਤੋਂ ਉਸ ਨੂੰ ਘਰ ਉਜਾੜਨ ਵਾਲੀ ਔਰਤਾਂ ਦਾ ਖਿਤਾਬ ਦਿਤਾ ਗਿਆ ਹੈ ਉਹ ਸਚ ਨਾ ਹੁੰਦਿਆਂ ਹੋਇਆਂ ਵੀ ਏਨਾ ਜ਼ਿਆਦਾ ਸੁਣਨ ਵਿਚ ਆ ਗਿਆ ਹੈ ਕਿ ਉਹ ਹੁਣ ਸਚ ਬਣ ਗਿਆ ਹੈ। ਸਿਰਫ ਸ਼ਾਰਿਕਾ ਦਾ ਖਾਸ ਦੋਸਤ ਹੋਣ ਦੇ ਨਾਤੇ ਹੀ ਨਹੀਂ ਸਗੋਂ ਉਸਦੇ ਇਸ ਰੁਮਾਂਸ ਦੇ ਕਈ ਕਿਸਿਆਂ ਦਾ ਚਸ਼ਮਦੀਦ ਗਵਾਹ ਹੋਣ ਦੇ ਨਾਤੇ ਵੀ ਮੈਂ ਇਹ ਮਹਿਸੂਸ ਕੀਤਾ ਕਿ ਹੁਣ ਸਚਾਈ ਨੂੰ ਜਗਜਾਹਿਰ ਕਰਨ ਦਾ ਸਹੀ ਸਮਾਂ ਆ ਗਿਆ ਹੈ। ਪਰ ਨਾਲ ਹੀ ਨਾਲ ਮੈਨੂੰ ਇਸ ਗੱਲ ਦਾ ਅੰਦਾਜ਼ਾ ਸੀ ਕਿ ਸਾਰਿਕਾ ਵਿਅਕਤੀਗਤ ਮਾਮਲਿਆਂ ਵਿਚ ਕਿਸੇ ਦੀ ਦਖਲ ਅੰਦਾਜ਼ੀ ਜ਼ਰਾ ਵੀ ਪਸੰਦ ਨਹੀਂ ਕਰਦੀ, ਮੈਂ ਉਸ ਨਾਲ ਕੋਈ ਗੱਲਬਾਤ ਕਰ ਨਾ ਸਕੀ।

ਮੈਂ ਠੀਕ ਹੀ ਕੀਤਾ। ਜਦ ਛੇ ਮਹੀਨਿਆਂ ਦੀ ਗਰਭਵਤੀ ਸਾਰਿਕਾ ਕਾਫੀ ਰਾਤ ਗਈ ਮੈਨੂੰ ਮਿਲਣ ਆਈ ਤਾਂ ਉਸਦੀਆਂ ਭੂਰੀਆਂ ਅੱਖਾਂ ਅਤੇ ਚੇਹਰੇ ਦੀ ਚਮਕ ਨੇ ਬਹੁਤ ਕੁਝ ਕਹਿ ਦਿਤਾ। ਉਹ ਅਜਿਹੀ ਔਰਤਾਂ ਦਾ ਚਿਹਰਾ ਸੀ ਜਿਸ ਨੇ ਦੁਨੀਆਂ ਦੀ ਸਾਰੀ ਬਾਜ਼ੀ ਹਾਰ ਕੇ ਵੀ ਜਿੱਤ ਲਈ ਸੀ। ਉਸਨੂੰ ਸ਼ਰਮ ਜਾਂ ਅਫ਼ਸੋਸ ਦਾ ਬਿਲਕੁਲ ਅਹਿਸਾਸ ਨਹੀਂ ਸੀ। ਦਰਅਸਲ ਉਹ ਬਿਲਕੁਲ ਖੁਸ਼ ਲਗ ਰਹੀ ਸੀ। ਆਪਣੇ ਪੇਟ ਨੂੰ ਪਿਆਰ ਨਾਲ ਸਹਿਲਾਉਂਦੀ ਹੋਈ ਉਹ ਬੋਲੀ ਇਸ ਫੈਸਲੇ ਨੇ ਮੈਨੂੰ ਬਹੁਤ ਖੁਸ਼ੀ ਦਿਤੀ ਹੈ ਜਿਸ ਤੋਂ ਮੈਂ ਅੱਜ ਤੱਕ ਵੰਚਿਤ ਸੀ। ਭਾਵੇਂ ਉਹ ਇਸ ਗੱਲ ਦੀ ਜ਼ਿਦ ਕਰਦੀ ਰਹੀ ਕਿ ਉਸ ਦੇ ਗਰਭਵਤੀ ਹੋਣ ਦੀ ਅਜੇ ਤਕ ਕਿਸੇ ਨੂੰ ਖਬਰ ਨਹੀਂ ਪਰ ਉਸ ਦੇ ਗਰਭਵਤੀ ਹੋਣ ਦਾ ਪੂਰਾ ਪੂਰਾ ਪਤਾ ਲੱਗ ਰਿਹਾ ਸੀ। ਉਸ ਨੇ ਦੱਸਿਆ, "ਮੈਂ ਅਜੇ ਵੀ ਸ਼ੂਟਿੰਗ ਕਰ ਰਹੀ ਹਾਂ। ਮੈਂ ਮਦਰਾਸ ਜਾਣ ਤੋਂ ਪਹਿਲਾਂ ਆਪਣਾ ਸਾਰਾ ਕੰਮ ਖਤਮ ਕਰ ਦੇਣਾ ਚਾਹੁੰਦੀ ਹਾਂ। ਅਸੀਂ ਮਦਰਾਸ ਵਿਚ ਆਪਣੇ ਲਈ ਇਕ ਘਰ ਲੱਭ ਰਹੇ ਹਾਂ। ਸਾਰਿਕਾ ਨੇ ਅਜੇ ਤਾਂ ਸਬਰਬ ਵਿਚ ਦੋ ਬੈਡਰੂਮ ਵਾਲਾ ਇਕ ਫਲੈਟ ਵੀ ਖਰੀਦ ਲਿਆ ਹੈ। ਬਹੁਤੀ ਖੁਸ਼ੀ ਨਾਲ ਉਸ ਨੇ ਦੱਸਿਆ ਕਿ ਉਸ ਦੇ ਇਸ ਨਵੇਂ ਫਲੈਟ ਵਿਚ ਛੇਤੀ ਹੀ ਫੋਨ ਲਗ ਰਿਹਾ ਤੇ ਇਕ ਫੀਏਟ ਕਾਰ ਦੀ ਵੀ ਮਾਲਕਿਨ ਬਣ ਰਹੀ ਹੈ। ਉਹ ਏਨੀ ਖੁਸ਼ ਲੱਗ ਰਹੀ ਸੀ ਜਿਵੇਂ ਕਿ ਉਹ ਆਪਣੇ ਆਸ਼ਕ ਨਾਲ ਮਨ ਚਾਹੀ ਜ਼ਿੰਦਗੀ ਬਸਰ ਕਰ ਲਏਗੀ। ਉਹ ਕਹਿੰਦੀ ਹੈ 'ਮੈਂ ਉਨ੍ਹਾਂ ਨੂੰ (ਕਮਲ ਹਸਨ) ਆਪਣੇ ਨਜ਼ਦੀਕ ਦੇਖਣਾ ਚਾਹੁੰਦੀ ਹਾਂ। ਇਕ ਦਿਨ ਕਮਲ ਨੇ ਮੈਨੂੰ ਫੋਨ ਤੇ ਪੁੱਛਿਆ ਸੀ ਕਿ ਕੀ ਬੱਚੇ ਨੇ ਹਿਲਜੁਲ ਸ਼ੁਰੂ ਕਰ ਦਿਤੀ ਹੈ ਜਾਂ ਨਹੀਂ ਤੇ ਉਹ ਉਸ ਨੂੰ ਸੁਣ ਸਕਦੇ ਹਨ ਜਾਂ ਨਹੀਂ। ਮੈਂ ਉਨ੍ਹਾਂ ਨੂੰ ਜਵਾਬ ਦਿਤਾ ਕਿ ਨਹੀਂ ਅਜੇ ਇਹ ਰਾਜ਼ ਦੀ ਗੱਲ ਸਿਰਫ ਸਾਡੇ ਦੋਹਾਂ ਵਿਚ ਹੀ ਹੈ। ਪਿਛੋਂ ਜਦੋਂ ਮੈਂ ਬੱਚੇ ਦੀ ਹਿਲਜੁਲ ਨੂੰ ਮਹਿਸੂਸ ਕੀਤਾ ਤਾਂ ਮੇਰੇ ਹੰਝੂ ਵਗ ਤੁਰੇ। ਮੈਂ ਸੋਚ ਰਹੀ ਸੀ ਕਿ ਮੇਰੇ ਦੋਸਤਾਂ, ਸਹਿ ਕਲਾਕਾਰਾਂ ਅਤੇ ਇਥੋਂ ਤਕ ਕਿ ਮੇਰੀ ਹੇਅਰ ਡਰੇਸਰ ਨੂੰ ਵੀ ਇਸ ਬਾਰੇ ਸਭ ਕੁਝ ਪਤਾ ਹੈ, ਇਕ ਕਮਲ ਹੀ ਅਜਿਹੇ ਹਨ ਜਿਹੜੇ ਇਸ ਮੌਕੇ ਤੇ ਇਥੇ ਮੌਜੂਦ ਨਹੀਂ ਹਨ। ਉਸ ਨੇ ਫਿਲਮੀਕਲ ਅੰਦਾਜ਼ ਨਾਲ ਕਿਹਾ, 'ਇਹ ਛੋਟੀਆਂ ਛੋਟੀਆਂ ਗੱਲਾਂ ਨਾਜ਼ੁਕ ਮੌਕਿਆਂ ਤੇ ਬਹੁਤ ਅਰਥ ਰਖਦੀਆਂ ਹਨ।' ਮੈਂ ਜਾਨਣਾ ਚਾਹਿਆ ਕਿ ਕੀ ਇਸ ਤਰ੍ਹਾਂ ਦੇ ਉਹ ਆਪਣੇ ਅਲੱਗ ਥਲੱਗ ਟੈਰੇਸ ਫਲੈਟ ਵਿਚ ਇਕਲੀ ਨਾ ਰਹਿ ਕੇ ਮਦਰਾਸ ਵਿਚ ਹੀ ਰਹਿਣ ਦਾ ਖਤਰਾ ਮੁੱਲ ਲੈ ਰਹੀ ਸੀ। ਚਾਹੇ ਇਸ ਲਈ ਉਸ ਨੂੰ ਸੌਤਨ ਦੇ ਗੁੱਸੇ ਭਰੇ ਤੇਵਰ ਕਿਉਂ ਨਾ ਝਲਣੇ ਪੈਣ? ਅਜੇ ਤਕ ਅਸੀਂ ਇਸ ਗੱਲ ਦਾ ਫੈਸਲਾ ਨਹੀਂ ਕੀਤਾ ਹੈ ਕਿ ਫਰਵਰੀ ਵਿਚ (ਜਦ ਕਿ ਡਿਲਿਵਰੀ ਦੀ ਡਿਊ ਡੇਟ ਹੈ) ਮੈਂ ਇਥੇ ਰਹਾਂਗੀ। ਮੇਰੀ ਖਾਹਿਸ਼ ਹੈ ਕਿ ਆਇਆ ਦਾਈ ਦੇ ਇਲਾਵਾ ਕੋਈ ਮੇਰਾ ਆਪਣਾ ਵੀ ਮੇਰੇ ਕੋਲ ਹੋਵੇ। ਕਿਸੇ ਆਪਣੇ ਦੀ ਦੇਖ ਭਾਲ ਦੀ ਲੋੜ ਦੀ ਮੈਨੂੰ ਸਖਤ ਜ਼ਰੂਰਤ ਹੈ।'





ਮੈਂ ਉਸ ਨੂੰ ਉਸ ਦੀ ਮਾਂ ਦੀ ਯਾਦ ਦਵਾਈ ਜਿਹੜੀ ਉਸ ਵਾਂਗ ਬਿਲਕੁਲ ਇਕੱਲੀ ਰਹਿੰਦੀ ਹੈ ਤੇ ਖਾਸ ਕਰਕੇ ਉਹ ਹੁਣ ਆਪਣੀ ਲੜਕੀ ਦੀ ਇਸ ਹਾਲਤ ਵਿਚ ਹੋਣ ਤੇ ਤਾਂ ਉਸਦੇ ਨਾਲ ਰਹਿਣਾ ਵੀ ਚਾਹੇਗੀ। ਪਰ ਇਹ ਇਕ ਦੁਰਭਾਗ ਹੀ ਹੈ ਕਿ ਸਾਰਿਕਾ ਹੁਣ ਵੀ ਆਪਣੇ ਅਤੇ ਆਪਣੀ ਮਾਂ ਦੇ ਦਰਮਿਆਨ ਇਕ ਕੰਧ ਉਸਾਰੀ ਖੜੀ ਹੈ ਜਦ ਕਿ ਉਹ ਖੁਦ ਵੀ ਮਮਤਾ ਦੀ ਦਹਿਲੀਜ਼ ਤੇ ਬੈਠੀ ਹੈ। ਉਸਦੀ ਖੋਖਲੀ ਨਜ਼ਰ ਵਿਚ ਇਹ ਜ਼ਾਹਿਰ ਸੀ ਕਿ ਉਸਦੇ ਸੁਖ ਚੈਨ ਵਿਚ ਰੋੜੇ ਅਟਕਾਉਣ ਵਾਲੇ ਦੋ ਹੀ ਲੋਕ ਸਨ। ਉਸ ਦੀ ਮਾਂ ਅਤੇ ਵਾਣੀ ਕਿਉਂ ਕਿ ਜਦੋਂ ਵੀ ਮੈਂ ਸਾਰਿਕਾ ਨੂੰ ਬਦਨਾਮ ਕਰਨ ਵਾਲੀਆਂ ਇਨ੍ਹਾਂ ਦੋਹਾਂ ਔਰਤਾਂ ਵਿਚੋਂ ਕਿਸੇ ਇਕ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰਦੀ ਸੀ ਤਾਂ ਉਹ ਫੌਰਨ ਗਲਬਾਤ ਦਾ ਰੁਖ ਕਿਸੇ ਹੋਰ ਪਾਸੇ ਮੋੜ ਦਿੰਦੀ ਸੀ।

(ਬਾਕੀ ਪੰਨਾ ੧੭ ਤੇ)

(ਪੰਨਾ 14 ਦੀ ਬਾਕੀ)





'ਖ਼ਤਲ' ਵਿਚ ਤਾਂ ਮੈਨੂੰ ਜ਼ਰੂਰਤ ਨਾਲੋਂ ਵਧੇਰੇ ਪਬਲਿਸਟੀ ਮਿਲੀ ਹੈ।' ਉਸ ਨੇ ਛੇਤੀ ਨਾਲ ਵਿਚੋਂ ਹੀ ਟੋਕ ਦਿਤਾ, 'ਸਾਰੀ ਪਬਲਿਸਟੀ ਮੇਰੀ ਸੈਕਸ ਬੰਬ ਇਮੇਜ ਦੀ ਵਜਹ ਨਾਲ ਹੋ ਰਹੀ ਹੈ। ਵਿਚਾਰੇ ਨਯੀਅਰ ਸਾਹਿਬ ਦੇ ਪ੍ਰੀਮੀਅਰ ਵਿਚ ਇਕ ਧੂਮ ਧੂਮ ਅਤੇ ਗਰਭਵਤੀ ਹੀਰੋਇਨ ਡਗਮਗਾਂਦੀ ਹੁਈ ਪਹੁੰਚੇਗੀ। ਮੈਂ ਉਸ ਨੂੰ ਇਕ ਦਿਨ ਕਿਹਾ ਸੀ ਕਿ ਉਸ ਦਾ ਬੰਬ ਉਸ ਦੇ ਸਾਹਮਣੇ ਹੀ ਫਟ ਗਿਆ ਹੈ।' ਉਸ ਨੇ ਹਸਦਿਆਂ ਕਿਹਾ, 'ਮੈਂ ਇਹ ਜਾਨਣਾ ਚਾਹੁੰਦੀ ਸੀ ਕਿ ਇਹ ਅਣਚਾਹੀ ਪ੍ਰਸਿਧੀ ਦਾ ਇੰਡਸਟਰੀ ਤੇ ਕੀ ਅਸਰ ਹੋਇਆ। ਉਸ ਨੇ ਤੁਰੰਤ ਜਿਵੇਂ ਬੁਰੀ ਨਜ਼ਰ ਤੋਂ ਬਚਣ ਲਈ ਕਿਹਾ, 'ਇਸ ਦਾ ਅਸਰ ਬਹੁਤ ਜ਼ਿਆਦਾ ਹੋਇਆ ਹੈ। ਸਚ ਪੁਛੋ ਤਾਂ ਮੈਨੂੰ ਇਹੀ ਲਗਦਾ ਸੀ ਕਿ ਲੋਕ ਮੇਰੇ ਨਾਂ ਤੇ ਥੂ ਥੂ ਕਰਨਗੇ। ਪਰ ਸਾਰਿਆਂ ਨੇ ਮੇਰੇ ਆਚਰਣ ਤੇ ਉਂਗਲੀ ਉਠਾਉਣ ਦੀ ਬਜਾਏ ਮੇਰੀ ਤਬੀਅਤ ਬਾਰੇ ਜ਼ਿਆਦਾ ਚਿੰਤਾ ਵਿਅਕਤ ਕੀਤੀ ਹੈ। ਉਸ ਨੇ ਭਾਵੁਕ ਹੁੰਦਿਆਂ ਦਸਿਆ ਕਿ ਕਮਲ ਦੇ ਪਿਤਾ ਦੀ ਇਕ ਛੋਟੀ ਜਿਹੀ ਮੁਲਾਕਾਤ ਜੋ ਇਕ ਤਾਮਿਲ ਅਖਬਾਰ ਵਿਚ ਛਪੀ, ਨੇ ਉਸ ਦੇ ਦਿਲ ਨੂੰ ਛੂਹ ਲਿਆ। ਪੱਤਰਕਾਰ ਨੇ ਕਮਲ ਦੇ ਪਿਤਾ ਤੋਂ ਪੁਛਿਆ ਸੀ, 'ਤੁਹਾਡੀ ਸਾਰਿਕਾ ਦੇ ਗਰਭਵਤੀ ਹੋਣ ਬਾਰੇ ਕੀ ਰਾਇ ਹੈ?' ਇਸ ਤੇ ਉਸਦੇ ਪਿਤਾ ਨੇ ਜਵਾਬ ਦਿਤਾ, 'ਮੇਰੇ ਵਰਗਾ ਬਜ਼ੁਰਗ ਆਦਮੀ ਇਸ ਮਾਮਲੇ ਵਿਚ ਇਸ ਦੇ ਸਿਵਾਏ ਹੋਰ ਕੀ ਸੋਚ ਸਕਦਾ ਹੈ ਕਿ ਉਸਦੇ ਪੋਤਾ ਹੋਵੇਗਾ ਜਾਂ ਪੋਤੀ।' ਜਦੋਂ ਪੱਤਰਕਾਰ ਨੇ ਹੋਰ ਅੱਗੇ ਵਧ ਕੇ ਕਿਹਾ ਕਿ ਸਾਰਿਕਾ ਇਕ ਫਿਲਮ ਐਕਟਰਸ ਹੈ ਤਾਂ ਕਮਲ ਦੇ ਪਿਤਾ ਨੇ ਸਖਤੀ ਨਾਲ ਕਿਹਾ, 'ਉਹ ਮੇਰੇ ਪੋਤੇ ਦੀ ਮਾਂ ਹੈ, ਹੋਰ ਜੋ ਕੁਝ ਮਰਜ਼ੀ ਹੋਵੇ ਉਸ ਨਾਲ ਮੈਨੂੰ ਕੋਈ ਮਤਲਬ ਨਹੀਂ।'

ਸਾਰਿਕਾ ਦੀਆਂ ਅੱਖਾਂ ਇਹ ਗੱਲ ਕਰਦਿਆਂ ਤਰ ਹੋ ਗਈਆਂ। ਉਸ ਨੇ ਕਿਹਾ, 'ਉਨ੍ਹਾਂ ਦੇ ਇਸ ਬਿਆਨ ਨੇ ਮੈਨੂੰ ਕਿਸ ਕਦਰ ਪ੍ਰਭਾਵਿਤ ਕੀਤਾ ਹੈ ਮੈਂ ਦਸ ਨਹੀਂ ਸਕਦੀ। ਮੈਨੂੰ ਉਨ੍ਹਾਂ ਨੇ ਸਵੀਕਾਰ ਕਰ ਲਿਆ ਹੈ। ਹੁਣ ਕੋਈ ਕੁਝ ਵੀ ਸੋਚੇ, ਮੇਰੀ ਬਲਾ ਜਾਣੇ।' ਮੈਨੂੰ ਇੰਡਸਟਰੀ ਵਿਚ ਫੈਲੀਆਂ ਬੇਹੂਦਾ ਅਫਵਾਹਾਂ ਦੀ ਯਾਦ ਆਈ ਕਿ ਬੱਚੇ ਬਾਰੇ ਸੁਣ ਕੇ ਪਹਿਲਾਂ ਤਾਂ ਕਮਲ ਹਸਨ ਨੂੰ ਝਟਕਾ ਲਗਾ ਸੀ ਤੇ ਉਸ ਨੂੰ ਇਸ ਗੱਲ ਤੇ ਯਕੀਨ ਨਹੀਂ ਹੋਇਆ ਸੀ। ਉਸ ਦਾ ਆਪਣੀ ਗਰਲ ਫਰੈਂਡ ਨਾਲ ਇਸ ਗੱਲ ਨੂੰ ਲੈ ਕੇ ਜ਼ਬਰਦਸਤ ਝਗੜਾ ਵੀ ਹੋਇਆ ਸੀ ਤੇ ਉਸ ਨੇ ਸਾਫ ਸਾਫ ਕਹਿ ਦਿਤਾ ਸੀ ਕਿ ਉਹ ਜਾਣਦੇ ਹਨ ਕਿ ਉਹ ਬੱਚਾ ਉਨ੍ਹਾਂ ਦਾ ਨਹੀਂ ਹੈ ਇਨ੍ਹਾਂ ਗੱਲਾਂ ਨੂੰ ਸੁਣ ਕੇ ਸਾਰਿਕਾ ਗੁੱਸੇ ਨਾਲ ਭੜਕ ਉਠੀ। ਉਸ ਦਾ ਏਨਾ ਗੁੱਸਾ ਮੈਂ ਪਹਿਲਾਂ ਕਦੀ ਨਹੀਂ ਦੇਖਿਆ ਸੀ। ਸਾਰਿਕਾ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਸ਼ੇਰਨੀ ਆਪਣੇ ਬੱਚੇ ਨੂੰ ਬਚਾਉਣ ਲਈ ਝਪਟ ਪੈਂਦੀ ਹੈ।' ਮੈਂ ਸੋਚ ਵੀ ਨਹੀਂ ਸਕਦੀ ਕਿ ਲੋਕ ਏਨਾ ਵੱਡਾ ਝੂਠ ਬੋਲ ਕੇ ਇਸ ਹੱਦ ਤਕ ਨੀਵੇਂ ਡਿਗ ਸਕਦੇ ਹਨ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਗੱਲਾਂ ਕੌਣ ਕੌਣ ਫੈਲਾਅ ਰਿਹਾ ਹੈ। ਜਦ ਵਾਣੀ, ਉਸ ਦੀ ਮਾਂ, ਉਸਦੇ ਰਿਸ਼ਤੇਦਾਰ-ਸੰਬੰਧੀ ਮੇਰੇ ਬਾਰੇ ਗੰਦੀਆਂ ਗੱਲਾਂ ਕਰਦੇ ਕਰਦੇ ਥੱਕ ਗਏ ਤਾਂ ਹੁਣ ਉਹ ਲੋਕ ਕਮਲ ਹਸਨ ਤੇ ਗੰਦਗੀ ਉਛਾਲਣ ਤੋਂ ਵੀ ਬਾਜ਼ ਨਹੀਂ ਆ ਰਹੇ। ਹੁਣ ਤਾਂ ਵਾਣੀ ਦੀ ਛੋਟੀ ਭੈਣ ਦੀ ਵੀ ਏਨੀ ਹਿੰਮਤ ਹੋ ਗਈ ਹੈ ਕਿ ਉਹ ਕਹਿੰਦੀ ਹੈ, ਵਾਣੀ ਤਾਂ ਮਾਂ ਬਨਣ ਦੇ ਕਾਬਿਲ ਹੈ, ਪਰ ਕਮਲ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ। ਕਿੰਨੀ ਹੁਸ਼ਿਆਰੀ ਨਾਲ ਇਨ੍ਹਾਂ ਲੋਕਾਂ ਨੇ ਆਮ ਲੋਕਾਂ ਦੇ ਮਨਾਂ ਵਿਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਹੈ।

'ਮੈਂ ਜਦੋਂ ਕਮਲ ਹਸਨ ਨੂੰ ਆਪਣੇ ਗਰਭਵਤੀ ਹੋਣ ਦਾ ਸਭ ਤੋਂ ਪਹਿਲਾਂ ਦਸਿਆ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਆਪਾਂ ਇਸ ਬੱਚੇ ਨੂੰ ਖਤਮ ਕਰਨ ਦੀ ਬੇਵਕੂਫੀ ਨਹੀਂ ਕਰਾਂਗੇ।' ਕੋਮਲ ਦੇ ਮੂੰਹੋਂ ਇਹ ਗੱਲ ਸੁਣਦਿਆਂ ਹੀ ਮੈਨੂੰ ਬੇਹੱਦ ਸਕੂਨ ਮਿਲਿਆ। ਮੈਂ ਉਨ੍ਹਾਂ ਨੂੰ ਕਿਹਾ, 'ਬਸ ਹੁਣ ਹੋਰ ਕੁਝ ਨਾ ਕਹੋ।'

'ਕਮਲ ਅਤੇ ਵਾਣੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਮੈਂ ਕਮਲ ਨੂੰ ਕਿਹਾ ਸੀ ਕਿ ਇਸ ਗੱਲ ਬਾਰੇ ਉਹ ਖੁਦ ਵਾਣੀ ਨੂੰ ਦਸ ਦੇਣ ਕਿਉਂਕਿ ਅਜਿਹੀ ਗੱਲ ਕਿਸੇ ਪਰਾਏ ਕੋਲੋਂ ਸੁਣਨ ਨਾਲ ਧੱਕਾ ਲਗਦਾ ਹੈ। ਜਦੋਂ ਕਮਲ ਨੇ ਵਾਣੀ ਨੂੰ ਦਸਿਆ ਤਾਂ ਵਾਣੀ ਕਹਿਣ ਲੱਗੀ, 'ਤੁਸੀਂ ਕਿਵੇਂ ਯਕੀਨ ਕਰਦੇ ਹੋ ਕਿ ਉਹ ਤੁਹਾਡਾ ਹੀ ਬੱਚਾ ਹੈ?' ਕਮਲ ਨੇ ਕਿਹਾ ਕਿ ਸਾਰਿਕਾ ਏਨੀ ਬੇਬਾਕ ਹੈ ਕਿ ਜੇ ਉਹ ਕਿਸੇ ਹੋਰ ਦੇ ਬੱਚੇ ਦੀ ਮਾਂ ਹੁੰਦੀ ਤਾਂ ਬਿਨਾਂ ਝਿਜਕ ਉਸ ਦਾ ਨਾਂ ਲੈ ਦਿੰਦੀ ਤੇ ਉਸ ਹਾਲਤ ਵਿਚ ਵੀ ਮੈਂ ਬੱਚੇ ਨੂੰ ਆਪਣਾ ਨਾਂ ਦੇਣ ਲਈ ਤਿਆਰ ਹੋ ਜਾਂਦਾ।'

'ਵਾਣੀ ਦੇ ਅਜਿਹੀਆਂ ਘਟੀਆਂ ਗੱਲਾਂ ਕਰਨ ਦੇ ਬਾਵਜੂਦ ਕਮਲ ਉਸ ਨਾਲ ਪਿਆਰ ਕਰਦਾ ਹੈ।'

'ਸਾਗਰ' ਦੀ ਪ੍ਰੀਮੀਅਰ ਪਾਰਟੀ ਸਮੇਂ ਸਾਡਾ ਰਹੱਸ ਸਾਰਿਆਂ ਸਾਹਮਣੇ ਹੁਣ ਇਕ ਖੁਲ੍ਹੀ ਕਿਤਾਬ ਵਾਂਗ ਸੀ। ਸਾਰੇ ਜਾਣਦੇ ਸਨ ਕਿ ਮੈਂ ਗਰਭਵਤੀ ਸੀ। ਅਸਲ ਵਿਚ ਮੈਂ ਫੈਸਲਾ ਕੀਤਾ ਸੀ ਕਿ ਮੈਂ ਕਿਹੜੀ ਸਾੜ੍ਹੀ ਪਾਵਾਂ ਤੇ ਕਮਲ ਦੇ ਨਾਂ ਹੀ 'ਸਾਗਰ' ਦੀ ਪ੍ਰੀਮੀਅਰ ਪਾਰਟੀ ਤੇ ਜਾਵਾਂਗੀ। ਪਰ ਇਸ ਫੰਕਸ਼ਨ ਵਿਚ ਇਸ ਤਰ੍ਹਾਂ ਸ਼ਾਮਲ ਨਹੀਂ ਸੀ ਹੋਣਾ ਚਾਹੁੰਦੀ ਕਿ ਸਾਰਿਆਂ ਦਾ ਧਿਆਨ ਮੇਰੇ ਵਲ ਖਿਚਿਆ ਜਾਏ ਕਿਉਂਕਿ ਮੈਂ ਆਪਣੇ ਘੁਮੰਡ ਦਾ ਦਿਖਾਵਾ ਕਰਕੇ ਕਿਸੇ ਦਾ ਦਿਲ ਨਹੀਂ ਸੀ ਤੋੜਨਾ ਚਾਹੁੰਦੀ। ਪਰ ਪ੍ਰੀਮੀਅਰ ਪਾਰਟੀ ਵਿਚੋਂ ਕਮਲ ਹਸਨ ਖਿਸਕ ਕੇ ਜਦੋਂ ਮੇਰੀ ਸਹੇਲੀ ਦੇ ਘਰ ਮੈਨੂੰ ਮਿਲਣ ਦੀ ਸੋਚੀ ਤਾਂ ਉਸ ਸਮੇਂ ਰਮੇਸ਼ ਸਿਪੀ, ਜਾਵੇਦ ਤੇ ਸ਼ਬਾਨਾ ਨੇ ਕਮਲ ਨੂੰ ਵਧਾਈ ਦਿਤੀ। ਬਾਅਦ ਵਿਚ ਕਮਲ ਨੇ ਮੈਨੂੰ ਦਸਿਆ ਕਿ ਹਰ ਕੋਈ ਉਸ ਨੂੰ ਵਧਾਈ ਦੇ ਰਿਹਾ ਸੀ, ਇਸ ਲਈ ਸ਼ੇਖਰ ਕਪੂਰ ਵੀ ਅਗੇ ਆਏ ਅਤੇ ਕਮਲ ਨੂੰ ਵਧਾਈ ਦੇਣ ਲਗ ਪਏ।

'ਸਾਰਿਕਾ ਅਗੋਂ ਕਹਿੰਦੀ ਹੈ, 'ਮੈਨੂੰ ਆਪਣੇ ਫੈਸਲੇ ਤੇ ਕੋਈ ਗਿਲਾ ਨਹੀਂ। ਸਮਾਜ ਸਿਰਫ ਉਨ੍ਹਾ ਬੱਚਿਆਂ ਤੇ ਉਂਗਲੀ ਉਠਾਉਂਦਾ ਹੈ ਜਿਨ੍ਹਾਂ ਦੇ ਪਿਤਾ ਦਾ ਕੋਈ ਅਤਾ ਪਤਾ ਨਹੀਂ ਹੁੰਦਾ। ਜਦੋਂ ਬੱਚਿਆਂ ਦੇ ਮਾਤਾ ਪਿਤਾ ਦੁਨੀਆਂ ਸਾਹਮਣੇ ਹੁੰਦੇ ਹਨ ਤਾਂ ਕੋਈ ਮੁਸ਼ਕਿਲ ਨਹੀਂ ਹੁੰਦੀ। ਇਸ ਤੋਂ ਇਲਾਵਾ ਕਮਲ ਹਸਨ ਸਭ ਕੁਝ ਸੰਭਾਲ ਲੈਣਗੇ।

ਨੀਨਾ ਅਰੋੜਾ






## ਕਮਿਊਨਿਟੀ ਰੇਡੀਓ ਪ੍ਰੋਗਰਾਮ (ਅੰਗਰੇਜ਼ੀ ਅਤੇ ਪੰਜਾਬੀ)

ਵੱਲੋਂ

## ਦੀ ਪ੍ਰੋਗਰੈਸਿਵ ਇੰਡੋ-ਕੈਨੇਡੀਅਨ ਕਮਿਊਨਿਟੀ ਸਰਵਿਸਜ਼ ਸੌਸਾਇਟੀ (ਪਿਕਸ)

ਤੇ

ਵੈਨਕੂਵਰ ਕੁਆਪਰੇਟਿਵ ਰੇਡੀਓ

102.7 F.M.

ਫਰਵਰੀ 1, 1986 ਤੋਂ ਹਰ ਸ਼ਨਿਚਰਵਾਰ 5:20 pm — 6:00 pm

ਰੇਡੀਓ ਬੁਲਾਰੇ :

ਸੁਖਵੰਤ ਹੁੰਦਲ, ਨੀਤਾ ਪੰਧੇਰ ਤੇ ਪੰਮੀ ਬਿਕਰਮ

ਅਤੇ

ਹਾਰਜੀ, ਪੂਨਮ, ਮਾਈਕ ਅਤੇ ਨਿੱਕੀ

**ਸਮੇਂ ਦੀ ਆਵਾਜ਼**

ਸਟੂਡੀਓ ਡਾਰੈਕਟਰ — ਰਾਣੀ ਅਤੇ ਕੁਲਵਿੰਦਰ
ਕਮਿਊਨਿਟੀ ਇਨਫਰਮੇਸ਼ਨ — ਗੁਰਪ੍ਰਤਾਪ ਅਤੇ ਨਰਿੰਦਰ

ਮੈਂਬਰਸ਼ਿਪ ਇੰਨਫਰਮੇਸ਼ਨ — ਮਨਜੀਤ ਅਤੇ ਓਂਕਾਰ

ਪ੍ਰੋਗਰਾਮ ਕੁਆਰਡੀਨੇਟਰ — ਚਰਨਪਾਲ ਗਿੱਲ

ਸਮਾਜਕ, ਸਭਿਆਚਾਰਕ ਅਤੇ ਵਿਦਿਅਕ ਮਸਲਿਆਂ ਤੇ ਵਿਚਾਰਾਂ ਨੂੰ ਜੀ ਆਇਆਂ ਕਿਹਾ ਜਾਵੇਗਾ। ਇਨ੍ਹਾਂ ਵਿਸ਼ਿਆਂ ਤੇ ਬੋਲਣ ਲਈ ਵਿਚਾਰ ਲਿਖਤੀ ਰੂਪ ਵਿਚ ਕਮ ਅਜ਼ ਕਮ ਦੋ ਹਫਤੇ ਪਹਿਲੋਂ ਸਾਡੇ ਪਾਸ ਪਹੁੰਚਣੇ ਚਾਹੀਦੇ ਹਨ

ਹੋਰ ਜਾਣਕਾਰੀ ਲਈ ਫੂਨ ਕਰੋ :

ਚਰਨਪਾਲ ਗਿੱਲ 576-2307 — ਮਨਜੀਤ ਗਿੱਲ — 584-4801
ਗੁਰਪ੍ਰਤਾਪ ਰੰਧਾਵਾ — 946-7224 — ਨਰਿੰਦਰ ਪੰਨੂ — 581-4597
ਗੁਰਬੀਰ ਗਿੱਲ — 584-5102

# ROKKO SAREES & FABRICS

**6201 Fraser Street**
**VANCOUVER**
**Tel: 327-3033**

## ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
## ਖੁਲ੍ਹਾ ਰਹਿੰਦਾ ਹੈ




**ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ**

**ਸਪੈਸ਼ਲ ਸਪੈਸ਼ਲ ਸੇਲ** ਲੱਗਦੀ ਹੈ

**ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ ਆਉਣਾ**
**ਨਾ ਭੁਲੋ!!**

**ROKKO SAREES & FABRICS**
**6201 Fraser Street**
**VANCOUVER**
**Tel: 372-3033**